Punjab Government Gazette

Published by Authority

No. 33] CHANDIGARH, FRIDAY, AUGUST 15, 2025 (SRAVANA 24, 1947 SAKA)

PART I

Punjab Government Notifications and Orders

ਰਾਜ ਚੋਣ ਕਮਿਸ਼ਨ, ਪੰਜਾਬ
STATE ELECTION COMMISSION, PUNJAB

:secpb@punjab.gov.in
https://sec.punjab.gov.in

ਐਸ.ਸੀ.ਓ: ,49 ਸੈਕਟਰ 17-ਈ ,ਚੰਡੀਗੜ੍ਹ, 160017.
: 0172- 2771226, 2710162.

NOTIFICATION

The 13th August, 2025

No. SEC/SAP/ET/2025/602.-In pursuance of the provisions of Section 93 of the Punjab State Election Commission Act, 1994, the State Election Commission hereby notifies the order of the Election Tribunal for general information.

ਬ- ਅਦਾਲਤ ਜਨਾਬ ਜਸਪਾਲ ਸਿੰਘ ਬਰਾੜ, ਪੀ.ਸੀ.ਐੱਸ., ਚੋਣ ਟ੍ਰਿਬਿਊਨਲ -ਕਮ- ਉਪ ਮੰਡਲ ਮੈਜਿਸਟਰੇਟ, ਗਿੱਦੜਬਾਹਾ।

ਕੇਸ ਨੰਬਰ	ਕਿਸਮ ਕੇਸ	ਆਮਦ ਮਿਤੀ	ਪਿੰਡ ਦਾ ਨਾਮ	ਫੈਸਲਾ ਮਿਤੀ
01/ਪਟੀਸ਼ਨ/1/2025	ਚੋਣ ਪਟੀਸ਼ਨ	17-01-2025	ਖਿੜਕੀਆਂਵਾਲਾ	21-02-2025

ਚੰਨਣ ਸਿੰਘ ਪੁੱਤਰ ਸੋਹਣ ਸਿੰਘ ਪੁੱਤਰ ਸਰਬਨ ਸਿੰਘ ਵਾਸੀ ਪਿੰਡ ਖਿੜਕੀਆਂਵਾਲਾ ਤਹਿਸੀਲ ਗਿੱਦੜਬਾਹਾ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ।

ਪਟੀਸ਼ਨਰ

1. ਰੂਪ ਸਿੰਘ ਪੁੱਤਰ ਸਰਬਨ ਸਿੰਘ ਵਾਸੀ ਪਿੰਡ ਖਿੜਕੀਆਂਵਾਲਾ ਤਹਿਸੀਲ ਗਿੱਦੜਬਾਹਾ।
2. ਪ੍ਰੀਜਾਈਡਿੰਗ ਅਫਸਰ,ਬੂਥ ਨੰਬਰ 141,ਵਾਰਡ ਨੰਬਰ 4, ਪਿੰਡ ਖਿੜਕੀਆਂਵਾਲਾ ਤਹਿਸੀਲ ਗਿੱਦੜਬਾਹਾ।
3. ਸਹਾਇਕ ਪ੍ਰੀਜਾਈਡਿੰਗ ਅਫਸਰ,ਬੂਥ ਨੰਬਰ 141,ਵਾਰਡ ਨੰਬਰ 4, ਪਿੰਡ ਖਿੜਕੀਆਂਵਾਲਾ ਤਹਿਸੀਲ ਗਿੱਦੜਬਾਹਾ।
4. ਸੁਖਜੀਤ ਸਿੰਘ, ਐਕਸੀਐਨ, ਕੈਨਾਲ ਗਿੱਦੜਬਾਹਾ -ਕਮ- ਰਿਟਰਨਿੰਗ ਅਫਸਰ, ਗ੍ਰਾਮ ਪੰਚਾਇਤ ਚੋਣਾਂ ਪਿੰਡ ਮੱਲਣ ਪੋਸਟਡ ਏ.ਆਰ. ਕੋਆਪਰੇਟਿਵ ਸੁਸਾਇਟੀ, ਪਿੰਡ ਖਿੜਕੀਆਂਵਾਲਾ ਤਹਿਸੀਲ ਗਿੱਦੜਬਾਹਾ।
5. ਚੰਦਰ ਸ਼ੇਖਰ, ਜਿਲ੍ਹੇਦਾਰ, ਸਹਾਇਕ ਰਿਟਰਨਿੰਗ ਅਫਸਰ, ਗ੍ਰਾਮ ਪੰਚਾਇਤ ਚੋਣਾਂ, ਪਿੰਡ ਖਿੜਕੀਆਂਵਾਲਾ ਪੋਸਟਡ ਇੰਸਪੈਕਟਰ ਕੋਆਪਰੇਟਿਵ ਸੁਸਾਇਟੀ ਪਿੰਡ ਖਿੜਕੀਆਂਵਾਲਾ ਤਹਿਸੀਲ ਗਿੱਦੜਬਾਹਾ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ।

ਪੰਜਾਬ ਰਾਜ ਚੋਣ ਕਮਿਸ਼ਨ ਐਕਟ, 1994 ਦੀ ਧਾਰਾ 76 ਅਧੀਨ ਪੰਜਾਬ ਪੰਚਾਇਤ ਚੋਣ ਨਿਯਮ 1994 ਦੇ ਨਿਯਮ 50 ਦੇ ਨਾਲ ਪੜ੍ਹੀ ਗਈ ਚੋਣ ਪਟੀਸ਼ਨ ਗ੍ਰਾਮ ਪੰਚਾਇਤ ਪਿੰਡ ਖਿੜਕੀਆਂਵਾਲਾ ਦੇ ਵਾਰਡ ਨੰ:4 ਪੰਚ (ਅਨੁਸੂਚਿਤ ਜਾਤੀ ਪੁਰਸ਼ ਵਰਗ) ਅਧੀਨ ਉਤਰਵਾਦੀ ਨੰ:1 ਨੂੰ ਗੈਰ ਕਾਨੂੰਨੀ ਢੰਗ ਨਾਲ ਪੰਚ ਚੁਣ ਬਾਰੇ।

ਪਟੀਸ਼ਨ ਵਿੱਚ ਦਾਅਵਾ

ਗ੍ਰਾਮ ਪੰਚਾਇਤ ਪਿੰਡ ਖਿੜਕੀਆਂਵਾਲਾ ਤਹਿਸੀਲ ਗਿੱਦੜਬਾਹਾ ਦੇ ਪੰਚ ਵਜੋਂ ਉਤਰਵਾਦੀ ਨੰ:1 ਦੀ ਚੋਣ ਰੱਦ ਕਰਨ ਅਤੇ ਪਟੀਸ਼ਨਕਰਤਾ ਨੂੰ ਗ੍ਰਾਮ ਪੰਚਾਇਤ ਪਿੰਡ ਖਿੜਕੀਆਂਵਾਲਾ ਦਾ ਪੰਚ ਚੁਣੇ ਜਾਣ ਦਾ ਐਲਾਨ ਕਰਨ ਸਬੰਧੀ।

ਹਾਜ਼ਰ: ਸ੍ਰੀ ਗੁਰਮੀਤ ਸਿੰਘ ਮਾਨ ਵਕੀਲ ਵੱਲੋਂ ਪਟੀਸ਼ਨਰ।

ਹੁਕਮ:

ਇਸ ਕੇਸ ਦੇ ਸੰਖੇਪ ਹਾਲਾਤ ਇਸ ਪ੍ਰਕਾਰ ਹਨ ਕਿ ਇਹ ਚੋਣ ਪਟੀਸ਼ਨ ਸ੍ਰੀ ਚੰਨਣ ਸਿੰਘ ਪੁੱਤਰ ਸੋਹਣ ਸਿੰਘ ਪੁੱਤਰ ਸਰਬਨ ਸਿੰਘ ਵਾਸੀ ਪਿੰਡ ਖਿੜਕੀਆਂਵਾਲਾ ਤਹਿਸੀਲ ਗਿੱਦੜਬਾਹਾ ਵੱਲੋਂ ਆਪਣੇ ਕੌਂਸਲ ਸ੍ਰੀ ਗੁਰਮੀਤ ਸਿੰਘ ਮਾਨ ਰਾਹੀਂ ਹਾਜਰ ਆ ਕੇ ਦਾਇਰ ਕਰਦੇ ਹੋਏ ਬੇਨਤੀ ਕੀਤੀ ਕਿ ਉਹ ਗ੍ਰਾਮ ਪੰਚਾਇਤ ਪਿੰਡ ਖਿੜਕੀਆਂਵਾਲਾ ਦਾ ਰਜਿਸਟਰਡ ਵੋਟਰ ਹੈ, ਜਿਸ ਦੇ ਆਧਾਰ ਤੇ ਪਿੰਡ ਖਿੜਕੀਆਂਵਾਲਾ ਦੇ ਵਾਰਡ ਨੰ:4, ਪੰਚ ਦੀ ਹੋਈ ਚੋਣ ਵਿੱਚ ਉਤਰਵਾਦੀ ਨੰਬਰ 1 ਰੂਪ ਸਿੰਘ ਨੂੰ (ਐਸ.ਸੀ. ਕੇਟਾਗਰੀ ਅਧੀਨ) ਬਤੌਰ ਪੰਚ ਚੁਣਿਆ

ਗਿਆ ਹੈ। ਇਹ ਕਿ ਰਿਕਾਰਡ ਅਨੁਸਾਰ ਕੁੱਲ 229 ਵੋਟਾਂ ਪਈਆਂ ਅਤੇ ਪਟੀਸ਼ਨਰ ਨੇ 103 ਵੋਟਾਂ ਪ੍ਰਾਪਤ ਕੀਤੀਆਂ, ਉਤਰਵਾਦੀ ਨੰ:1 ਨੂੰ 104 ਵੋਟਾਂ ਅਤੇ 21 ਵੋਟਾਂ ਰੱਦ ਕੀਤੀਆਂ ਗਈਆਂ ਸਨ ਤੇ 1 ਵੋਟ ਨੋਟਾ ਨੂੰ ਦਿੱਤੀ ਗਈ । ਜਦ ਕਿ ਅਸਲ ਵਿੱਚ ਪਟੀਸ਼ਨਕਰਤਾ ਨੇ 113 ਵੋਟਾਂ ਪ੍ਰਾਪਤ ਕੀਤੀਆਂ ਸਨ ਅਤੇ ਉਤਰਵਾਦੀ ਨੰ:1 ਨੇ 110 ਵੋਟਾਂ ਅਤੇ 5 ਵੋਟਾਂ ਪ੍ਰਾਪਤ ਕੀਤੀਆਂ ਸਨ ਜੋ ਕਿ ਗੈਰ ਕਾਨੂੰਨੀ ਸਨ। ਉਤਰਵਾਦੀ ਨੰ:2,3 ਨੇ ਉਤਰਵਾਦੀ ਨੰ:1 ਨਾਲ ਮਿਲੀਭੁਗਤ ਕਰਕੇ ਗੈਰ ਕਾਨੂੰਨੀ ਢੰਗ ਨਾਲ 21 ਵੋਟਾਂ ਰੱਦ ਕਰ ਦਿੱਤੀਆਂ ਅਤੇ ਉਤਰਵਾਦੀ ਨੰ:1 ਨੂੰ ਗਲਤ ਗਿਣਤੀ ਦੇ ਆਧਾਰ ਤੇ ਜੇਤੂ ਐਲਾਨ ਦਿੱਤਾ। ਪਟੀਸ਼ਨਕਰਤਾ ਨੇ ਮੁੜ ਗਿਣਤੀ ਕਰਨ ਦੀ ਬੇਨਤੀ ਕੀਤੀ ਪਰ ਉਨ੍ਹਾਂ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਨਾਲ ਪਟੀਸ਼ਨਕਰਤਾ ਨਾਲ ਪੱਖ ਪਾਤ ਹੋਇਆ ਹੈ। ਇਸ ਲਈ ਉਸਨੇ ਮੌਜੂਦਾ ਪਟੀਸ਼ਨ ਮੁੜ ਗਿਣਤੀ ਕਰਵਾਉਣ ਲਈ ਦਾਇਰ ਕੀਤੀ ਹੈ। ਅੰਤ ਵਿੱਚ ਉਸ ਵੱਲੋਂ ਬੇਨਤੀ ਕੀਤੀ ਕਿ ਚੋਣ ਪਟੀਸ਼ਨ ਸਵੀਕਾਰ ਕਰਕੇ ਉਤਰਵਾਦੀ ਨੰ:1 ਦੀ ਗ੍ਰਾਮ ਪੰਚਾਇਤ ਪਿੰਡ ਖਿੜਕੀਆਂਵਾਲਾ ਦਾ ਜੇਤੂ ਪੰਚ ਐਲਾਨਿਆ ਜਾਵੇ।

2. ਇਹ ਚੋਣ ਪਟੀਸ਼ਨ ਇਸ ਅਦਾਲਤ ਵਿੱਚ ਪ੍ਰਾਪਤ ਹੋਣ ਤੇ ਪਟੀਸ਼ਨ ਤੇ ਗੌਰ ਕਰਦੇ ਹੋਏ ਵਾਚਣ ਉਪਰੰਤ ਦਰਜ਼ ਰਜਿਸਟਰ ਕੀਤੀ ਗਈ ਅਤੇ ਉਤਰਵਾਦੀਆਨ ਨੂੰ ਤਲਬੀ ਨੋਟਿਸ ਜਾਰੀ ਕੀਤੇ ਗਏ।

3. ਜਾਰੀ ਕੀਤੇ ਗਏ ਤਲਬੀ ਨੋਟਿਸ ਤੇ ਸਾਥੀ ਦੀ ਰਿਪੋਰਟ ਅਨੁਸਾਰ ਉਤਰਵਾਦੀ ਨੰ:1 ਘਰ ਹਾਜਰ ਨਹੀਂ ਮਿਲਿਆ, ਜਿਸ ਕਾਰਨ ਉਸਦੇ ਲੜਕੇ ਰਾਹੀਂ ਇਤਲਾਹ ਕਰਵਾਈ ਗਈ, ਪਰੰਤੂ ਉਤਰਵਾਦੀ ਨੰ:1 ਅਸਾਲਤਨ ਵਾ ਵਕਾਲਤਨ ਹਾਜਰ ਅਦਾਲਤ ਨਹੀਂ ਆਇਆ। ਇਸ ਉਪਰੰਤ ਉਤਰਵਾਦੀ ਨੰ:1 ਰੂਪ ਸਿੰਘ ਨੂੰ ਦੋਬਾਰਾ ਫਿਰ ਤਹਿਸੀਲਦਾਰ ਰਾਹੀਂ ਅਤੇ ਰਜਿਸਟਰਡ ਨੋਟਿਸ ਰਾਹੀਂ ਤਲਬੀ ਨੋਟਿਸ ਜਾਰੀ ਕੀਤਾ ਗਿਆ, ਜਿਸ ਤੇ ਸਾਥੀ ਦੀ ਰਿਪੋਰਟ ਅਨੁਸਾਰ ਉਤਰਵਾਦੀ ਨੰ:1 ਖੁੱਦ ਦੀ ਇਤਲਾਹ ਕਰਵਾਈ ਗਈ। ਇਸ ਤੋਂ ਇਲਾਵਾ ਉਤਰਵਾਦੀ ਨੰ:1 ਰੂਪ ਸਿੰਘ ਨੂੰ ਮਿਤੀ 11-02-2025 ਲਈ ਰਜਿਸਟਰਡ ਨੋਟਿਸ ਜਾਰੀ ਕੀਤਾ ਗਿਆ ਸੀ, ਪਰੰਤੂ ਉਹ ਵਾਪਿਸ ਪ੍ਰਾਪਤ ਨਹੀਂ ਹੋਇਆ , ਜਿਸ ਤੋਂ ਸਪੱਸ਼ਟ ਹੈ ਕਿ ਰਜਿਸਟਰਡ ਨੋਟਿਸ ਉਤਰਵਾਦੀ ਨੂੰ Deliver ਹੋ ਚੁੱਕਾ ਹੈ। ਇਸਦੇ ਬਾਵਜੂਦ ਉਤਰਵਾਦੀ ਅਸਾਲਤਨ ਵਾ ਵਕਾਲਤਨ ਹਾਜਰ ਅਦਾਲਤ ਨਹੀਂ ਆਇਆ। ਕੁਦਰਤੀ ਇਨਸਾਫ ਨੂੰ ਮੁੱਖ ਰੱਖਦੇ ਉਤਰਵਾਦੀ ਨੰ:1 ਨੂੰ ਇੱਕ ਹੋਰ ਆਖਰੀ ਮੌਕਾ ਦਿੰਦੇ ਹੋਏ ਅਗਲੀ ਤਾਰੀਖ ਪੇਸੀ ਮਿਤੀ 20-02-2025 ਲਈ ਪਟਵਾਰੀ ਹਲਕਾ ਰਾਹੀਂ ਤਲਬੀ ਨੋਟਿਸ ਜਾਰੀ ਕੀਤਾ ਗਿਆ। ਪਟਵਾਰੀ ਹਲਕਾ ਦੀ ਰਿਪੋਰਟ ਅਨੁਸਾਰ ਉਤਰਵਾਦੀ ਨੰ:1 ਨੂੰ ਇਤਲਾਹ ਕਰਵਾਈ ਗਈ, ਪਰੰਤੂ ਉਤਰਵਾਦੀ ਫਿਰ ਵੀ ਅਸਾਲਤਨ ਵਾ ਵਕਾਲਤਨ ਹਾਜਰ ਅਦਾਲਤ ਨਹੀਂ ਆਇਆ। ਇਸ ਤੋਂ ਸਪੱਸ਼ਟ ਹੈ ਕਿ ਉਤਰਵਾਦੀ ਜਾਣ ਬੁੱਝ ਕੇ ਹਾਜਰ ਨਹੀਂ ਆ ਰਿਹਾ ਅਤੇ ਰਿਕਾਊਟਿੰਗ ਵਿੱਚ ਹਾਜਰ ਨਹੀਂ ਹੋਣਾ ਚਾਹੁੰਦਾ। ਇਸ ਤਰ੍ਹਾਂ ਉਤਰਵਾਦੀ ਧਿਰ ਦੀ ਇਤਲਾਹ ਮੁਕੰਮਲ ਹੋ ਚੁੱਕੀ ਹੈ। ਨਿਯਮਾਂ ਅਨੁਸਾਰ ਰਿਕਊਟਿੰਗ ਦੀ ਕਾਰਵਾਈ ਕਰਵਾਉਣ ਦਾ ਹੁਕਮ ਕੀਤਾ ਗਿਆ।

4. ਇਸ ਉਪਰੰਤ ਇਸ ਪਟੀਸ਼ਨ ਵਿੱਚ ਦਰਸਾਏ ਗਏ ਤੱਥਾਂ ਦੇ ਆਧਾਰ ਤੇ ਮਿਤੀ 21-02-2025 ਨੂੰ ਦੌਬਾਰਾ ਗਿਣਤੀ ਕਰਵਾਉਣ ਦਾ ਹੁਕਮ ਜਾਰੀ ਕੀਤਾ ਗਿਆ ਅਤੇ ਉ:ਨੰ:2 ਤੋਂ 5 ਅਤੇ ਉਸ ਸਮੇਂ ਦੇ RO, PRO, APRO, PO ਨੂੰ ਗਿਣਤੀ ਕਰਵਾਉਣ ਲਈ ਨੋਟਿਸ ਜਾਰੀ ਕੀਤਾ ਗਿਆ ਅਤੇ ਉਪ ਕਪਤਾਨ ਪੁਲਿਸ, ਗਿੱਦੜਬਾਹਾ ਨੂੰ ਸਕਿਉਰਟੀ ਪ੍ਰਬੰਧ ਕਰਨ ਹਿੱਤ ਲਿਖਿਆ ਗਿਆ।

5. ਮਿਤੀ 21-02-2025 ਨੂੰ ਪਟੀਸ਼ਨਰ ਧਿਰ ਅਤੇ ਪਿੰਡ ਦੇ ਹੋਰ ਮੋਹਤਵਰ ਵਿਅਕਤੀਆਂ ਦੀ ਹਾਜਰੀ ਵਿੱਚ ਉਸ ਸਮੇਂ ਦੇ ਰਿਟਰਨਿੰਗ ਅਫਸਰ ਸ਼੍ਰੀ ਸੁਖਜੀਤ ਸਿੰਘ, ਪ੍ਰੀਜਾਈਡਿੰਗ ਅਫਸਰ ਵਿਸ਼ੂ ਛਾਬੜਾ, ਸਹਾਇਕ ਪ੍ਰੀਜਾਈਡਿੰਗ ਅਫਸਰ ਸੁਖਜਿੰਦਰ ਸਿੰਘ ਅਤੇ ਸੁਖਦੀਪ ਸਿੰਘ ਪੋਲਿੰਗ ਅਫਸਰ ਵੱਲੋ ਇਸ ਅਦਾਲਤ ਵਿੱਚ ਕਾਊਟਿੰਗ ਟੀਮ ਵੱਲੋਂ ਵੀਡਿਓਗ੍ਰਾਫੀ ਰਾਹੀਂ ਰੀਕਾਊਟਿੰਗ ਦੀ ਸਾਰੀ ਪ੍ਰੀਕ੍ਰਿਆ ਨੂੰ ਮੁਕੰਮਲ ਕੀਤਾ ਗਿਆ ਅਤੇ ਇਸ ਚੋਣ ਟ੍ਰਿਬਿਊਨਲ ਪਾਸ, ਗ੍ਰਾਮ ਪੰਚਾਇਤ ਪਿੰਡ ਖਿੜਕੀਆਂਵਾਲੀ ਦੇ ਵਾਰਡ ਨੰ:4 ਪੰਚ ਦੀ ਚੋਣ ਦਾ ਰਿਜਲਟ ਪੇਸ਼ ਕੀਤਾ ਗਿਆ। ਜਿਸ ਦਾ ਵੇਰਵਾ ਹੇਠਾਂ ਦਰਸਾਏ ਅਨੁਸਾਰ ਦਰਜ਼ ਹੈ :-

6. ਮਿਤੀ 15-12-2024 ਨੂੰ ਪਿੰਡ ਖਿੜਕੀਆਂਵਾਲਾ ਦੇ ਵਾਰਡ ਨੰ:4, ਬੂਥ ਨੰਬਰ 141 ਦੀ ਪੰਚ ਦੀ ਗਿਣਤੀ ਸਮੇਂ ਭੁਲੇਖੇ ਨਾਲ ਬੰਡਲ ਤੇ ਸ੍ਰੀ ਚੰਨਣ ਸਿੰਘ ਸੋਹਣ ਸਿੰਘ 103 ਵੋਟਾਂ ਦਰਜ਼ ਕੀਤੀਆਂ ਗਈਆਂ ਅਤੇ ਰੂਪ ਸਿੰਘ ਪੁੱਤਰ ਸਰਵਣ ਸਿੰਘ ਨੂੰ 104 ਵੋਟਾਂ ਦਰਜ਼ ਕੀਤੀਆਂ ਗਈਆਂ, ਪਰੰਤੂ ਹੁਣ ਦੁਬਾਰਾ ਗਿਣਤੀ ਦੌਰਾਨ ਸ੍ਰੀ ਚੰਨਣ ਸਿੰਘ ਚੋਣ ਨਿਸ਼ਾਨ ਫੁੱਟਬਾਲ ਨੂੰ 104 ਵੋਟਾਂ ਦਰਜ਼ ਕੀਤੀਆਂ ਗਈਆਂ ਅਤੇ ਰੂਪ ਸਿੰਘ ਚੋਣ ਨਿਸ਼ਾਨ ਕੈਮਰਾ ਨੂੰ 103 ਵੋਟਾਂ ਦਰਜ਼ ਕੀਤੀਆਂ ਗਈਆਂ ਹਨ। ਸ੍ਰੀ ਚੰਨਣ ਸਿੰਘ ਪੁੱਤਰ ਸੋਹਣ ਸਿੰਘ ਨੂੰ ਪੰਚਾਇਤ ਮੈਬਰ ਜੇਤੂ ਕਰਾਰ ਦਿੱਤਾ ਜਾਂਦਾ ਹੈ। ਗਿਣਤੀ ਉਪਰੰਤ ਲਿਫਾਫੇ ਅਤੇ ਟਰੰਕ ਸੀਲ ਕਰਨ ਉਪਰੰਤ ਖਜਾਨਾ ਦਫਤਰ ਗਿੱਦੜਬਾਹਾ ਵਿਖੇ ਜਮਾਂ ਕਰਵਾ ਦਿੱਤੇ ਗਏ ਹਨ।

7. ਗ੍ਰਾਮ ਪੰਚਾਇਤ, ਖਿੜਕੀਆਂ ਵਾਲਾ ਦੀ ਰੀਕਾਊਟਿੰਗ ਰਿਜਲਟ ਸ਼ੀਟ ਪ੍ਰਾਪਤ ਹੋਣ ਤੇ ਹਾਜਰ ਧਿਰਾਂ ਨੂੰ ਸੁਣਿਆ ਗਿਆ ਤੇ ਮਿਸਲ ਤੇ ਆਏ ਸਾਰੇ ਤੱਥਾਂ ਨੂੰ ਗਹੁ ਨਾਲ ਵਾਚਣ ਤੇ ਪਾਇਆ ਗਿਆ ਕਿ ਪਟੀਸ਼ਨਰ ਵੱਲੋਂ ਜੋ ਦੋਬਾਰਾ ਗਿਣਤੀ ਕਰਵਾਉਣ ਲਈ ਪਟੀਸ਼ਨ ਦਾਇਰ ਕੀਤੀ ਸੀ, ਨੂੰ ਦਰੁਸਤ ਮੰਨਦੇ ਹੋਏ ਬੰਡਲ ਤੇ ਸਹਿਬਨ ਗਲਤੀ ਨਾਲ ਸ੍ਰੀ ਚੰਨਣ ਸਿੰਘ ਸੋਹਣ ਸਿੰਘ 103 ਵੋਟਾਂ ਦਰਜ਼ ਕੀਤੀਆਂ ਗਈਆਂ ਅਤੇ ਰੂਪ ਸਿੰਘ ਪੁੱਤਰ ਸਰਵਣ ਸਿੰਘ ਨੂੰ 104 ਵੋਟਾਂ ਦਰਜ਼ ਕੀਤੀਆਂ ਗਈਆਂ, ਪਰੰਤੂ ਹੁਣ ਦੁਬਾਰਾ ਗਿਣਤੀ ਦੌਰਾਨ ਸ੍ਰੀ ਚੰਨਣ ਸਿੰਘ ਨੂੰ 104 ਵੋਟਾਂ ਦਰਜ਼ ਕੀਤੀਆਂ ਗਈਆਂ ਹਨ ਅਤੇ ਰੂਪ ਸਿੰਘ ਨੂੰ 103 ਵੋਟਾਂ ਦਰਜ਼ ਕੀਤੀਆਂ ਗਈਆਂ ਹਨ। ਰੀਕਾਊਟਿੰਗ ਉਪਰੰਤ ਸ੍ਰੀ ਚੰਨਣ ਸਿੰਘ ਪੁੱਤਰ ਸੋਹਣ ਸਿੰਘ ਨੂੰ ਵਾਰਡ ਨੰ:4, (ਅਨੁਸੂਚਿਤ ਜਾਤੀ ਪੁਰਸ਼ ਵਰਗ) ਪਿੰਡ ਖਿੜਕੀਆਂਵਾਲਾ ਦਾ ਬਤੌਰ ਪੰਚ ਜੇਤੂ ਕਰਾਰ ਦਿੱਤਾ ਜਾਂਦਾ ਹੈ। ਮਿਸਲ ਬਾਅਦ ਪੂਰਤੀ ਦਾਖਲ ਰਿਕਾਰਡ ਰੂਮ ਹੋਵੇ।

ਸਹੀ/-
ਚੋਣ ਟ੍ਰਿਬਿਊਨਲ -ਕਮ-
ਉਪ ਮੰਡਲ ਮੈਜਿਸਟਰੇਟ,
ਗਿੱਦੜਬਾਹਾ।

3477/8-2025/Pb. Govt. Press, S.A.S. Nagar